**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਸਕੂਲ ਮੁਖੀ, ਪੰਜਾਬ**

ਮੀਮੋ ਨੰ : ਸਸਅ/2019/ਐਮ.ਆਈ.ਐਸ./ਈਪੰਜਾਬਸਕੂਲ/105145
ਮਿਤੀ : 9 ਅਪ੍ਰੈਲ, 2019

ਵਿਸ਼ਾ : **ਈਪੰਜਾਬਸਕੂਲ ਪੋਰਟਲ ਉੱਤੇ ਨਵੇਂ ਸੈਸ਼ਨ ਦਾ ਡਾਟਾ ਅਪਡੇਟ ਕਰਨ ਸਬੰਧੀ।**

ਸਕੂਲ ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਪੰਜਾਬ ਰਾਜ ਵਿਚ ਚੱਲ ਰਹੇ ਹਰ ਪ੍ਰਕਾਰ ਦੇ ਸਕੂਲਾਂ ਨੂੰ ਰਜਿਸਟਰ ਕੀਤਾ ਗਿਆ ਹੈ ਅਤੇ ਇਨ੍ਹਾਂ ਸਕੂਲਾਂ ਵਲੋਂ ਪੋਰਟਲ ਉੱਤੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਦੀ ਢਾਂਚੇ ਆਦਿ ਦੀ ਜਾਣਕਾਰੀ ਅਪਡੇਟ ਕਰਨਾ ਜਰੂਰੀ ਹੈ।

ਅਪ੍ਰੈਲ 2019 ਤੋਂ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ ਹੋ ਗਿਆ ਹੈ। ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਨਾਲ ਸਬੰਧਤ ਰਿਕਾਰਡ ਨੂੰ ਤੁਰੰਤ ਪੋਰਟਲ ਉੱਤੇ ਅਪਡੇਟ ਕਰਨ। ਇਹ ਯਕੀਨੀ ਬਣਾ ਲਿਆ ਜਾਵੇ ਕਿ ਵਿਦਿਆਰਥੀਆਂ, ਸਟਾਫ, ਸਕੂਲ ਦਾ ਬੁਨਿਆਦੀ ਢਾਂਚਾ ਆਦਿ ਡਾਟਾ ਸਹੀ ਅਤੇ ਰਿਕਾਰਡ ਅਨੁਸਾਰ ਪੋਰਟਲ ਉੱਤੇ ਅਪਲੋਡ ਕੀਤਾ ਜਾ ਰਿਹਾ ਹੋਵੇ।

ਨਵੇਂ ਸੈਸ਼ਨ ਵਿਚ ਵਿਦਿਆਰਥੀਆਂ ਦੇ ਡਾਟਾ ਨੂੰ ਤੁਰੰਤ ਅਪਡੇਟ ਕੀਤਾ ਜਾਵੇ। ਵਿਦਿਆਰਥੀਆਂ ਦੇ ਰਿਕਾਰਡ ਨੂੰ ਦੁਬਾਰਾ ਐਂਟਰ ਕਰਨ ਦੀ ਜਰੂਰਤ ਨਹੀਂ ਹੈ, ਈਪੰਜਾਬਸਕੂਲ ਪੋਰਟਲ ਦੇ ਮਡਿਊਲ "**Promote Students To Next Class**" ਦੀ ਮਦਦ ਨਾਲ ਜੇਕਰ ਵਿਦਿਆਰਥੀ ਅਗਲੀ ਜਮਾਤ ਵਿਚ promote ਹੋ ਗਿਆ ਹੈ ਤਾਂ ਉਸ ਨੂੰ **promote** ਕੀਤਾ ਜਾਵੇ ਅਤੇ ਜੇਕਰ ਵਿਦਿਆਰਥੀ ਦੁਬਾਰਾ ਉਸੀ ਜਮਾਤ ਵਿਚ ਬੈਠ ਰਿਹਾ ਹੈ ਤਾਂ ਉਸ ਨੂੰ **Retain** ਕੀਤਾ ਜਾਵੇ। ਜੋ ਵਿਦਿਆਰਥੀ ਸਕੂਲ ਛੱਡ ਗਏ ਹਨ ਉਨ੍ਹਾਂ ਵਿਦਿਆਰਥੀਆਂ ਦੇ School Leaving Certificate (SLC) ਜਨਰੇਟ ਕੀਤੇ ਜਾਣ। SLC ਵਿਦਿਆਰਥੀ ਨੂੰ **promote** ਜਾਂ **Retain** ਕਰਨ ਉਪਰੰਤ ਹੀ ਜਨਰੇਟ ਕੀਤੇ ਜਾਣ। ਮਿਡ-ਡੇ-ਮੀਲ ਮੋਬਾਇਲ ਐਪ ਵਿਚ ਵੀ ਸਿਰਫ ਉਨ੍ਹਾਂ ਵਿਦਿਆਰਥੀਆਂ ਦੀ ਹੀ ਗਿਣਤੀ ਦਿਖਾਈ ਦੇਵੇਗੀ ਜਿਨ੍ਹਾਂ ਨੂੰ ਸਕੂਲ ਵਲੋਂ ਨਵੇਂ ਸੈਸ਼ਨ ਲਈ **promote** ਜਾਂ **Retain** ਕਰ ਲਿਆ ਗਿਆ ਹੈ। ਸਰਕਾਰੀ ਸਕੂਲਾਂ ਦੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਸਿਰਫ ਉਹੀ ਵਿਦਿਆਰਥੀ **promote** ਕੀਤੇ ਜਾਣ ਜੋ ਪਹਿਲੀ ਜਮਾਤ ਵਿਚ ਹੋ ਗਏ ਹਨ। ਜੋ ਵਿਦਿਆਰਥੀ ਇਸ ਸੈਸ਼ਨ ਦੋਰਾਨ ਵੀ ਪ੍ਰੀ-ਪ੍ਰਾਇਮਰੀ ਜਮਾਤਾਂ ਵਿਚ ਬੈਠ ਰਹੇ ਹਨ ਨੂੰ **Retain** ਕੀਤਾ ਜਾਵੇ। ਜੇਕਰ ਵਿਦਿਆਰਥੀ ਕਿਸੇ ਇਕ ਸਕੂਲ ਤੋਂ ਦੂਜੇ ਸਕੂਲ ਵਿਚ ਦਾਖਲਾ ਲੈ ਰਿਹਾ ਹੈ ਤਾਂ ਉਸ ਦਾ ਡਾਟਾ ਈਪੰਜਾਬਸਕੂਲ ਪੋਰਟਲ ਦੇ ਮਡਿਊਲ "Fetch Students From Other Schools" ਦੀ ਮਦਦ ਨਾਲ ਦੂਜੇ ਸਕੂਲ ਵਿਚ ਸ਼ਿਫਟ ਕੀਤਾ ਜਾਵੇਗਾ।

**ਸਕੂਲ ਮੁਖੀ ਰਿਕਾਰਡ ਦੀ ਅਪਡੇਸ਼ਨ ਪੋਰਟਲ ਉੱਤੇ ਸਹੀ ਅਤੇ ਰਿਕਾਰਡ ਅਨੁਸਾਰ ਆਪਣੀ ਨਿਗਰਾਨੀ ਵਿਚ ਕਰਵਾਉਣ।**

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-

1) ਪੀ.ਏ., ਸਕੱਤਰ ਸਕੂਲ ਸਿੱਖਿਆ, ਪੰਜਾਬ
2) ਡੀ.ਪੀ.ਆਈ. (ਸੈ.ਸਿ.), ਪੰਜਾਬ
3) ਡੀ.ਪੀ.ਆਈ. (ਐ.ਸਿ.), ਪੰਜਾਬ

**ਡਾਇਰੈਕਟਰ ਜਨਰਲਸਕੂਲ ਸਿੱਖਿਆ, ਪੰਜਾਬ**